# SACRAMENTO ਕਾਉਂਟੀ ਵਿੱਚ ਵੋਟ ਪਾਉਣ ਦੇ 3 ਤਰੀਕੇ

## #1 ਡਾਕ ਦੁਆਰਾ ਵੋਟ ਪਾਓ:

ਬੈਲਟ ਚੋਣ ਦੇ ਦਿਨ ਤੋਂ 29 ਦਿਨ ਪਹਿਲਾਂ ਭੇਜੇ ਜਾਂਦੇ ਹਨ।

ਇੱਕ ਵਾਰ ਜਦੋਂ ਤੁਸੀਂ ਡਾਕ ਵਿੱਚ ਆਪਣਾ ਬੈਲਟ ਪ੍ਰਾਪਤ ਕਰ ਲੈਂਦੇ ਹੋ:

ਆਪਣੇ ਬੈਲਟ 'ਤੇ ਵੋਟ ਪਾਓ → ਲਿਫਾਫੇ ਨੂੰ ਸੀਲ ਕਰੋ ਅਤੇ ਦਸਤਖ਼ਤ ਕਰੋ (ਡਾਕ-ਟਿਕਟ ਲਗਾਉਣ ਦੀ ਲੋੜ ਨਹੀਂ) → ਅਤੇ ਡਾਕ ਰਾਹੀਂ ਆਪਣੀ ਵੋਟ ਵਾਪਸ ਭੇਜੋ!

MAIL

ਇਹ ਸਿਰਫ਼ ਤਾਂ ਹੀ ਸਵੀਕਾਰ ਕੀਤਾ ਜਾ ਸਕਦਾ ਹੈ ਜੇਕਰ ਇਹ ਚੋਣ ਵਾਲੇ ਦਿਨ ਜਾਂ ਉਸ ਤੋਂ ਪਹਿਲਾਂ ਪੋਸਟਮਾਰਕ ਕੀਤਾ ਗਿਆ ਹੋਵੇ ਅਤੇ ਚੋਣ ਦਿਨ ਤੋਂ ਬਾਅਦ ਸੱਤ (7) ਦਿਨਾਂ ਦੇ ਅੰਦਰ-ਅੰਦਰ ਸਾਡੇ ਦਫ਼ਤਰ ਦੁਆਰਾ ਪ੍ਰਾਪਤ ਕੀਤਾ ਜਾਵੇ। ਜਿੰਨੀ ਜਲਦੀ ਤੁਹਾਡਾ ਬੈਲਟ ਵਾਪਸ ਭੇਜਿਆ ਜਾਂਦਾ ਹੈ, ਓਨੀ ਜਲਦੀ ਇਸ 'ਤੇ ਕਾਰਵਾਈ ਕੀਤੀ ਜਾਂਦੀ ਹੈ।

---

## #2 ਬੈਲਟ ਡ੍ਰੌਪ ਬੌਕਸ:

VOTE

ਸਾਰੇ ਬੈਲਟ ਡ੍ਰੌਪ ਬੌਕਸ ਟਿਕਾਣੇ ਚੋਣ ਦੇ ਦਿਨ ਤੋਂ 29 ਦਿਨ ਪਹਿਲਾਂ ਖੁੱਲ੍ਹਦੇ ਹਨ ਅਤੇ ਇਹ ਟਿਕਾਣੇ ਦੇ ਨਿਯਮਿਤ ਕਾਰੋਬਾਰੀ ਸਮੇਂ ਦੌਰਾਨ ਖੁੱਲ੍ਹੇ ਰਹਿੰਦੇ ਹਨ।

ਤੁਸੀਂ Sacramento ਕਾਉਂਟੀ ਵਿੱਚ ਕਿਸੇ ਵੀ ਬੈਲਟ ਡ੍ਰੌਪ ਬੌਕਸ ਸਥਾਨਾਂ 'ਤੇ ਆਪਣੀ ਵੋਟ ਵਾਪਸ ਪਾ ਸਕਦੇ ਹੋ। ਆਪਣੇ ਨੇੜੇ ਦੇ ਕਿਸੇ ਬੈਲਟ ਡ੍ਰੌਪ ਬੌਕਸ ਨੂੰ ਲੱਭਣ ਲਈ, QR ਕੋਡ ਨੂੰ ਸਕੈਨ ਕਰੋ:

---

## #3 ਵੋਟ ਕੇਂਦਰ 'ਤੇ ਵਿਅਕਤੀਗਤ ਤੌਰ 'ਤੇ:

VOTE

VOTE CENTER

Sacramento ਕਾਉਂਟੀ ਵਿੱਚ ਸਥਿਤ ਸਾਡੇ ਕਿਸੇ ਵੀ ਵੋਟ ਕੇਂਦਰ ਦੀ ਥਾਂ 'ਤੇ, ਵੋਟਰ ਇਹ ਕਰ ਸਕਦੇ ਹਨ:

- ✓ ਆਪਣੀ ਬੈਲਟ 'ਤੇ ਵੋਟ ਪਾਉਣਾ
- ✓ ਬਦਲੀ ਵਾਲੇ ਬੈਲਟ ਲਈ ਬੇਨਤੀ ਕਰਨਾ
- ✓ ਉਸੇ ਦਿਨ ਰਜਿਸਟ੍ਰੇਸ਼ਨ ਕਰਨਾ
- ✓ ਘਰ ਬੈਠ ਕੇ ਵੋਟ ਪਾਉਣ ਲਈ ਆਪਣਾ ਬੈਲਟ ਨਾਲ ਲੈ ਕੇ ਜਾਉਣਾ

7AM → 8PM

ਸਾਰੇ ਵੋਟ ਕੇਂਦਰ ਚੋਣ ਵਾਲੇ ਦਿਨ ਸਵੇਰੇ 7 ਵਜੇ ਤੋਂ ਰਾਤ 8 ਵਜੇ ਤੱਕ ਖੁੱਲ੍ਹੇ ਰਹਿੰਦੇ ਹਨ।
ਤੁਹਾਡਾ ਬੈਲਟ ਸਵੀਕਾਰ ਕੀਤੇ ਜਾਣ ਲਈ ਤੁਹਾਡਾ ਰਾਤ 8 ਵਜੇ ਤੱਕ ਲਾਈਨ ਵਿੱਚ ਹੋਣਾ ਯਕੀਨੀ ਬਣਾਓ।

ਆਪਣੇ ਨਜ਼ਦੀਕੀ ਵੋਟ ਕੇਂਦਰ ਨੂੰ ਲੱਭਣ ਲਈ, ਇਸ QR ਕੋਡ ਨੂੰ ਸਕੈਨ ਕਰੋ:

**ਵਧੇਰੀ ਜਾਣਕਾਰੀ ਲਈ:**
ਟੋਲ ਫ੍ਰੀ 'ਤੇ ਕੌਲ ਕਰੋ: (800) 762-8019
ਇੱਥੇ ਜਾਓ: www.elections.saccounty.gov